## USDA ਬਿਪਤਾ ਸਹਾਇਤਾ ਪ੍ਰੋਗਰਾਮਾਂ 'ਤੇ ਇੱਕ ਨਜ਼ਰ

| ਬਿਪਤਾ ਪ੍ਰੋਗਰਾਮ | ਏਜੰਸੀ | ਬਰਫਬਾਰੀ | ਅੱਗ ਲਗਣਾ | ਤੂਫਾਨ / ਟਾਈਫੂਨ | ਬਹੁਤ ਜ਼ਿਆਦਾ ਨਮੀ/ਹੜ ਆਉਣਾ | ਬਹੁਤ ਜ਼ਿਆਦਾ ਹਵਾਵਾਂ/ਤੂਫਾਨ | ਸੋਕਾ ਪੈਣਾ | ਓਲੇ ਪੈਣਾ | ਜਵਾਲਾਮੁਖੀ ਫਟਣਾ/ ਗੈਸਾਂ ਦਾ ਨਿਕਾਸ | ਜੰਮਣਾ | ਭੂਚਾਲ |
|---|---|---|---|---|---|---|---|---|---|---|---|
| **ਗੈਰ-ਬੀਮੇ ਵਾਲੀ ਫਸਲ ਸਬੰਧੀ ਬਿਪਤਾ ਸਹਾਇਤਾ ਪ੍ਰੋਗਰਾਮ (NAP)** - ਗੈਰ-ਬੀਮਾ ਯੋਗ ਫਸਲਾਂ ਦੇ ਉਤਪਾਦਕਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜਿਸਦਾ ਨਤੀਜਾ ਘੱਟ ਪੈਦਾਵਾਰ ਜਾਂ ਫਸਲਾਂ ਦੇ ਨੁਕਸਾਨ ਦਾ ਹੁੰਦਾ ਹੈ, ਜਾਂ ਫਸਲਾਂ ਦੀ ਬਿਜਾਈ ਨੂੰ ਰੋਕਦਾ ਹੈ। | FSA | ✱[8] | ✱[8] | ✓ | ✓ | ✓ | ✓ | ✓ | ✓ | ✓ | ✓ |
| **ਪੇੜ ਸਹਾਇਤਾ ਪ੍ਰੋਗਰਾਮ (TAP)** - ਯੋਗ ਬਾਗਬਾਨੀ ਅਤੇ ਨਰਸਰੀ ਦੇ ਪੇੜ ਉਤਪਾਦਕਾਂ ਨੂੰ ਮੁੜ ਪੇੜ ਲਗਾਉਣ ਲਈ ਜਾਂ ਜਿੱਥੇ ਲਾਗੂ ਹੁੰਦਾ ਹੈ, ਕੁਦਰਤੀ ਆਫ਼ਤਾਂ ਕਾਰਨ ਨਸ਼ਟ ਹੋਏ ਪੇੜਾਂ, ਝਾੜੀਆਂ ਅਤੇ ਅੰਗੂਰਾਂ ਨੂੰ ਦੁਬਾਰਾ ਤਿਆਰ ਕਰਨ ਲਈ ਵਿੱਤੀ ਲਾਗਤ ਹਿੱਸੇਦਾਰੀ ਸਹਾਇਤਾ ਪ੍ਰਦਾਨ ਕਰਦਾ ਹੈ। ਸਹਾਇਤਾ ਨੂੰ ਚਾਲੂ ਕਰਨ ਲਈ 15 ਪ੍ਰਤੀਸ਼ਤ (ਆਮ ਮੌਤ ਤੋਂ ਨਾਰਮਲ ਮੌਤ ਦਰ ਤੋਂ ਵਧੇਰੇ) ਦੀ ਯੋਗਤਾ ਵਾਲੀ ਮੌਤ ਦਰ ਨੂੰ ਕਾਇਮ ਰੱਖਣਾ ਲਾਜ਼ਮੀ ਹੈ। | FSA | ✱[8] | ✓ | ✓ | ✓ | ✓ | ✓ | ✓ | ✓ | ✓ | ✓ |

[8] ਹਾਂ, ਸਿਰਫ ਇੱਕ ਯੋਗ ਬਿਪਤਾ ਨਾਲ ਸੰਬੰਧਿਤ ਸਥਿਤੀ ਦੇ ਤੌਰ ਤੇ

ਹੋਰ ਕੁਦਰਤੀ ਆਫ਼ਤਾਂ ਜੋ ਇਨ੍ਹਾਂ ਪ੍ਰੋਗਰਾਮਾਂ ਤੇ ਲਾਗੂ ਹੋ ਸਕਦੀਆਂ ਹਨ (ਸਾਰੇ ਖ਼ਤਰੇ ਸਾਰੇ ਪ੍ਰੋਗਰਾਮਾਂ ਲਈ ਯੋਗ ਨੁਕਸਾਨ ਦੀਆਂ ਸਥਿਤੀਆਂ ਨਹੀਂ ਹਨ):

- ਵਿਸਫੋਟ;
- ਪਾਣੀ ਦੇ ਪੱਧਰ ਦਾ ਵੱਧਣਾ;
- ਜ਼ਮੀਨ ਦਾ ਖਿਸਕਣਾ;
- ਚਿੱਕੜ ਧੱਸਣਾ;
- ਭਾਰੀ ਬਰਫ਼ੀਲੇ ਤੂਫਾਨ;
- ਤੂਫਾਨ, ਬਰਫ਼ ਦੇ ਤੂਫਾਨਾਂ ਸਮੇਤ;
- ਟਾਇਡਲ ਵੇਵ;
- ਹਵਾ ਦੇ ਵਹਾਓ ਕਾਰਨ ਆਇਆ ਪਾਣੀ;
- ਕੀੜੇ-ਮਕੌੜੇ ਪੈਦਾ ਹੋਣਾ;
- ਪੌਦਿਆਂ ਨੂੰ ਲਗਣ ਵਾਲੀ ਬਿਮਾਰੀ;
- ਬਿਜਲੀ ਪੈਣਾ; ਅਤੇ
- ਹੋਰ ਕੁਦਰਤੀ ਵਰਤਾਰੇ।

ਕੁਝ ਮਨੁੱਖ ਦੁਆਰਾ ਬਣਾਈ ਗਈਆਂ ਸਥਿਤੀਆਂ ਬਿਪਤਾ ਸਹਾਇਤਾ ਲਈ ਯੋਗ ਹਨ, ਜਿਵੇਂ ਕਿ:

| ਬਿਪਤਾ ਪ੍ਰੋਗਰਾਮ | ਏਜੰਸੀ | ਕੀੜੇਮਾਰ ਦਵਾਈਆਂ ਨਾਲ ਰੋਕਥਾਮ | ਪ੍ਰਮਾਣੂ ਰੇਡੀਏਸ਼ਨ / ਰੇਡੀਓ ਐਕਟਿਵ ਕਣ | ਕੀਟਨਾਸ਼ਕਾਂ ਤੋਂ ਇਲਾਵਾ ਹੋਰ ਜ਼ਹਿਰੀਲੇ ਪਦਾਰਥ | ਕੀਟਨਾਸ਼ਕਾਂ ਤੋਂ ਇਲਾਵਾ ਰਸਾਇਣਕ ਰਹਿੰਦ ਖੂੰਹਦ |
|---|---|---|---|---|---|
| **ਡੇਅਰੀ ਹਰਜਾਨਾ ਭੁਗਤਾਨ ਪ੍ਰੋਗਰਾਮ (DIPP)** - ਡੇਅਰੀ ਉਤਪਾਦਕਾਂ ਨੂੰ ਮੁਆਵਜ਼ਾ ਪ੍ਰਦਾਨ ਕਰਦਾ ਹੈ ਜਦੋਂ ਇੱਕ ਜਨਤਕ ਰੈਗੂਲੇਟਰੀ ਏਜੰਸੀ ਉਨ੍ਹਾਂ ਨੂੰ ਆਪਣਾ ਕੱਚਾ ਦੁੱਧ ਵਪਾਰਕ ਮਾਰਕੀਟ ਵਿੱਚੋਂ ਹਟਾਉਣ ਲਈ ਨਿਰਦੇਸ਼ ਦਿੰਦੀ ਹੈ ਕਿਉਂਕਿ ਇਹ ਕੀਟਨਾਸ਼ਕਾਂ, ਪ੍ਰਮਾਣੂ ਰੇਡੀਏਸ਼ਨ ਜਾਂ ਰੇਡੀਓ ਐਕਟਿਵ ਕਣ, ਜਾਂ ਕੀਟਨਾਸ਼ਕਾਂ ਤੋਂ ਇਲਾਵਾ ਜ਼ਹਿਰੀਲੇ ਪਦਾਰਥਾਂ ਅਤੇ ਰਸਾਇਣਕ ਰਹਿੰਦ ਖੂੰਹਦ ਤੋਂ ਦੂਸ਼ਿਤ ਹੁੰਦਾ ਹੈ। | FSA | ✓ | ✓ | ✓ | ✓ |

FSA = ਫਾਰਮ ਸੇਵਾ ਏਜੰਸੀ | NRCS = ਕੁਦਰਤੀ ਸਰੋਤ ਸੰਭਾਲ ਸੇਵਾ | RMA = ਜੋਖਮ ਪ੍ਰਬੰਧਨ ਏਜੰਸੀ

USDA

### ਹੋਰ ਜਾਣਕਾਰੀ

ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇਣ ਦੇ ਉਦੇਸ਼ਾਂ ਲਈ ਹੈ; ਹੋਰ ਪ੍ਰਤੀਬੰਧ ਲਾਗੂ ਹੋ ਸਕਦੇ ਹਨ।

USDA ਬਿਪਤਾ ਪ੍ਰੋਗਰਾਮਾਂ ਬਾਰੇ ਵਧੇਰੀ ਜਾਣਕਾਰੀ ਲਈ, farmers.gov/recover 'ਤੇ ਜਾਓ ਜਾਂ ਆਪਣੇ ਸਥਾਨਕ USDA ਸੇਵਾ ਕੇਂਦਰ ਨਾਲ ਸੰਪਰਕ ਕਰੋ।


ਆਪਣੇ ਸਥਾਨਕ USDA ਸੇਵਾ ਕੇਂਦਰ ਨੂੰ ਲੱਭਣ ਲਈ, **farmers.gov/service-locator** 'ਤੇ ਜਾਓ।

ਇੱਕ ਅਨੁਮੋਦਿਤ ਬੀਮਾ ਪ੍ਰਦਾਤਾ ਨੂੰ ਲੱਭਣ ਲਈ, ਏਜੰਟ ਲੋਕੇਟਰ ਜਾਂ **rma.usda.gov** 'ਤੇ ਜਾਓ।

USDA ਇੱਕ ਬਰਾਬਰ ਮੌਕਾ ਪ੍ਰਦਾਤਾ, ਮਾਲਕ ਅਤੇ ਰਿਣਦਾਤਾ ਹੈ।

ਅਕਤੂਬਰ 2020
ਪ੍ਰੋਗਰਾਮ ਸਹਾਇਤਾ
2266 USDA ਬਿਪਤਾ ਸਹਾਇਤਾ ਪ੍ਰੋਗਰਾਮਾਂ 'ਤੇ ਇੱਕ ਨਜ਼ਰ

USDA ਸੰਯੁਕਤ ਰਾਜ ਅਮਰੀਕਾ ਦਾ ਕਿਸ਼ੀ ਵਿਭਾਗ



ਸੰਯੁਕਤ ਰਾਜ ਅਮਰੀਕਾ ਦਾ ਕਿਸ਼ੀ ਵਿਭਾਗ

# ਬਿਪਤਾ ਸਹਾਇਤਾ ਪ੍ਰੋਗਰਾਮ 'ਤੇ ਇੱਕ ਨਜ਼ਰ

ਖੇਤੀ ਉਤਪਾਦਨ ਅਤੇ ਬਚਾਵ

ਫਾਰਮ ਸੇਵਾ ਏਜੰਸੀ (FSA) | ਕੁਦਰਤੀ ਸਰੋਤ ਸੰਭਾਲ ਸੇਵਾ (NRCS) | ਜੋਖਮ ਪ੍ਰਬੰਧਨ ਏਜੰਸੀ (RMA)

# ਬਿਪਤਾ ਸਹਾਇਤਾ

## USDA ਬਿਪਤਾ ਸਹਾਇਤਾ ਪ੍ਰੋਗਰਾਮਾਂ 'ਤੇ ਇੱਕ ਨਜ਼ਰ

ਆਈਕਨ ਕੀਅ ✓ = ਹਾਂ ✗ = ਨਹੀਂ ✱ = *ਹਾਂ/ਜਾਂ/ਨਹੀਂ, ਸ਼ਰਤਾਂ ਦੇ ਨਾਲ (ਫੁੱਟਨੋਟ ਵੇਖੋ)*

| ਬਿਪਤਾ ਪ੍ਰੋਗਰਾਮ | ਏਜੰਸੀ | ਬਰਫਬਾਰੀ | ਅੱਗ ਲਗਣਾ | ਤੂਫਾਨ / ਟਾਈਫੂਨ | ਬਹੁਤ ਜ਼ਿਆਦਾ ਨਮੀ/ਹੜ੍ਹ ਆਉਣਾ | ਬਹੁਤ ਜ਼ਿਆਦਾ ਹਵਾਵਾਂ/ਤੂਫਾਨ | ਸੋਕਾ ਪੈਣਾ | ਓਲੇ ਪੈਣਾ | ਜਵਾਲਾਮੁਖੀ ਫਟਣਾ/ ਗੈਸਾਂ ਦਾ ਨਿਕਾਸ | ਜੰਮਣਾ | ਭੂਚਾਲ |
|---|---|---|---|---|---|---|---|---|---|---|---|
| **ਫਸਲ ਦਾ ਬੀਮਾ** – ਉਨ੍ਹਾਂ ਉਤਪਾਦਕਾਂ ਨੂੰ ਹਰਜਾਨੇ ਦੇ ਭੁਗਤਾਨ ਦਿੰਦਾ ਹੈ ਜਿੰਨਾਂ ਨੇ ਸੋਕੇ ਅਤੇ ਹੋਰ ਮੌਸਮ ਸਬੰਧੀ ਖਤਰਿਆਂ ਸੰਬੰਧੀ ਉਤਪਾਦਨ ਅਤੇ ਗੁਣਵੱਤਾ ਵਿੱਚ ਨੁਕਸਾਨ ਲਈ ਫਸਲ ਬੀਮਾ ਖਰੀਦਿਆਂ ਸੀ,<br>ਜਿਸ ਵਿੱਚ ਇੱਕ ਬੀਮਾਕ੍ਰਤ ਨੁਕਸਾਨ ਦੇ ਕਾਰਨ ਦੁਆਰਾ ਦੁਬਾਰਾ ਪੌਦੇ ਉਗਾਉਣ ਵਿੱਚ ਅਸਮਰਥਾ ਤੋਂ ਹੋਣ ਵਾਲੇ ਨੁਕਸਾਨ ਸ਼ਾਮਲ ਹਨ। | RMA | ✓ | ✓ | ✓ | ✓ | ✓ | ✓ | ✓ | ✓ | ✓ | ✓ |
| **ਸੁਰੱਖਿਆਪਣ ਰਿਜ਼ਰਵ ਪ੍ਰੋਗਰਾਮ (CRP) ਘਾਹ ਚਰਣਾ ਅਤੇ ਚਾਰਾਗਾਹ ਵਿੱਚ ਚਰਨਾ** - ਅਮਰੀਕੀ ਸੌਕਾ ਨਿਗਰਾਨੀ ਉੱਤੇ ਕਾਉਂਟੀ ਦੇ D2 ਜਾਂ ਇਸ ਤੋਂ ਵੱਧ ਦੇ ਰੂਪ ਵਿੱਚ ਕੁਝ CRP ਅਭਿਆਸਾਂ ਉੱਤੇ ਐਮਰਜੈਂਸੀ ਘਾਹ ਚਰਾਉਣ ਅਤੇ ਚਾਰਾਗਾਹ ਵਿੱਚ ਚਰਾਉਣ ਦੀ ਵਿਵਸਥਾ ਕਰਦਾ ਹੈ, ਜਾਂ ਇੱਕ ਕਾਉਂਟੀ ਵਿੱਚ ਜਿੱਥੇ ਚਾਰਾ ਉਤਪਾਦਨ ਵਿੱਚ ਘੱਟੋ ਘੱਟ 40 ਪ੍ਰਤੀਸ਼ਤ ਘਾਟਾ ਹੋਇਆ ਹੈ। | FSA | ✱[1] | ✱[1] | ✱[1] | ✱[1] | ✱[1] | ✓ | ✱[1] | ✱[1] | ✱[1] | ✱[1] |
| **ਪਸ਼ੂਆਂ, ਸ਼ਹਿਦ ਵਾਲੀਆਂ ਮੱਖੀਆਂ ਅਤੇ ਫਾਰਮ 'ਤੇ ਵਿਕਸਿਤ ਮੱਛੀਆਂ ਦੇ ਪ੍ਰੋਗਰਾਮ ਲਈ ਐਮਰਜੈਂਸੀ ਸਹਾਇਤਾ (ELAP)** - LFP ਅਤੇ LIP ਦੁਆਰਾ ਕਵਰ ਨਾ ਕੀਤੇ ਜਾਣ ਵਾਲੇ ਬਿਮਾਰੀ (ਪਸ਼ੂਆਂ ਨੂੰ ਜੂੰਆਂ ਤੋਂ ਹੋਣ ਵਾਲੇ ਬੁਖਾਰ ਸਮੇਤ), ਮਾੜੇ ਮੌਸਮ ਜਾਂ ਹੋਰ ਹਾਲਤਾਂ, ਜਿਵੇਂ ਕਿ ਬਰਫਬਾਰੀ ਅਤੇ ਜੰਗਲੀ ਅੱਗਾਂ ਕਾਰਨ ਹੋਣ ਵਾਲੇ ਨੁਕਸਾਨਾਂ ਲਈ ਪਸ਼ੂਆਂ, ਸ਼ਹਿਦ ਵਾਲੀਆਂ ਮੱਖੀਆਂ ਅਤੇ ਫਾਰਮ 'ਤੇ ਵਿਕਸਿਤ ਮੱਛੀਆਂ ਦੇ ਯੋਗ ਮਾਲਕਾਂ ਨੂੰ ਸਹਾਇਤਾ ਮੁਹੱਈਆ ਕਰਵਾਉਂਦਾ ਹੈ। | FSA | ✓ | ✱[2] | ✓ | ✓ | ✓ | ✱[3] | ✱[4] | ✓ | ✗ | ✓ |
| **ਐਮਰਜੈਂਸੀ ਸੁਰੱਖਿਆਪਣ ਪ੍ਰੋਗਰਾਮ (ECP)** - ਕੁਦਰਤੀ ਆਫ਼ਤਾਂ ਨਾਲ ਨੁਕਸਾਨ ਹੋਈਆਂ ਜ਼ਮੀਨਾਂ ਨੂੰ ਮੁੜ ਬਹਾਲ ਕਰਨ ਅਤੇ ਗੰਭੀਰ ਸੋਕੇ ਦੇ ਪਾਣੀ ਵਿੱਚ ਐਮਰਜੈਂਸੀ ਜਲ ਸੰਭਾਲ ਦੇ ਉਪਾਵਾਂ ਲਈ ਫੰਡ ਅਤੇ ਤਕਨੀਕੀ ਸਹਾਇਤਾ ਮੁਹੱਈਆ ਕਰਵਾਉਂਦਾ ਹੈ। | FSA | ✓ | ✓ | ✓ | ✓ | ✓ | ✓ | ✗ | ✓ | ✗ | ✓ |
| **ਐਮਰਜੈਂਸੀ ਜੰਗਲ ਬਹਾਲੀ ਪ੍ਰੋਗਰਾਮ (EFRP)** - ਕੁਦਰਤੀ ਆਫ਼ਤਾਂ ਕਾਰਨ ਨੁਕਸਾਨੇ ਗਏ ਨਿੱਜੀ ਮਾਲਕੀਅਤ ਵਾਲੇ ਜੰਗਲਾਂ ਨੂੰ ਬਹਾਲ ਕਰਨ ਲਈ ਫੰਡ ਮੁਹੱਈਆ ਕਰਵਾਉਂਦਾ ਹੈ। ਸਹਾਇਤਾ ਮਾਲਕਾਂ ਨੂੰ ਹੜ੍ਹਾਂ, ਤੂਫਾਨ ਜਾਂ ਹੋਰ ਕੁਦਰਤੀ ਆਫ਼ਤਾਂ ਨਾਲ ਨੁਕਸਾਨੀਆਂ ਜ਼ਮੀਨਾਂ 'ਤੇ ਜੰਗਲ ਦੀ ਸਿਹਤ ਨੂੰ ਬਹਾਲ ਕਰਨ ਲਈ ਐਮਰਜੈਂਸੀ ਉਪਾਅ ਕਰਨ ਵਿੱਚ ਸਹਾਇਤਾ ਕਰਦੀ ਹੈ। | FSA | ✓ | ✓ | ✓ | ✓ | ✓ | ✓ | ✗ | ✓ | ✗ | ✓ |
| **ਫਾਰਮ ਲਈ ਕਰਜ਼ੇ** - ਉਤਪਾਦਕਾਂ ਨੂੰ ਕੁਦਰਤੀ ਆਫ਼ਤਾਂ ਜਾਂ ਲਾਈਵ ਸਟਾਕ ਕੁਆਰੰਟੀਨ ਦੇ ਕਾਰਨ ਉਤਪਾਦਨ ਅਤੇ ਸਰੀਰਕ ਨੁਕਸਾਨਾਂ ਤੋਂ ਠੀਕ ਹੋਣ ਲਈ ਐਮਰਜੈਂਸੀ ਅਤੇ ਓਪਰੇਟਿੰਗ ਲੋਨ ਮੁਹੱਈਆ ਕਰਵਾਉਂਦਾ ਹੈ ਅਤੇ ਫਾਰਮ ਓਪਰੇਟਿੰਗ ਅਤੇ ਪਰਿਵਾਰਕ ਰਹਿਣ ਦੇ ਖਰਚਿਆਂ ਲਈ ਭੁਗਤਾਨ ਕਰ ਸਕਦਾ ਹੈ। | FSA | ✓ | ✓ | ✓ | ✓ | ✓ | ✓ | ✓ | ✓ | ✓ | ✓ |

[1] ਹਾਂ, ਪਰ ਸਿਰਫ਼ ਤਾਂ ਜਦੋਂ FSA ਦੁਆਰਾ ਯੋਗ ਹੋਣ ਦੇ ਤੌਰ ਤੇ ਨਿਰਧਾਰਿਤ ਕੀਤਾ ਗਿਆ ਹੋਵੇ।
[2] ਹਾਂ, ਸਿਵਾਇ ਸੰਘੀ ਤੌਰ ਤੇ ਪ੍ਰਬੰਧਕੀ ਜ਼ਮੀਨ 'ਤੇ
[3] ਨਹੀਂ, ਸਿਵਾਇ ਪਾਣੀ ਦੇ ਆਵਾਗਮਨ ਲਈ
[4] ਹਾਂ, ਪਰ ਸਿਰਫ਼ ਚਾਰਾਗਾਹ ਦੇ ਨੁਕਸਾਨਾਂ ਲਈ

FSA = ਫਾਰਮ ਸੇਵਾ ਏਜੰਸੀ
NRCS = ਕੁਦਰਤੀ ਸਰੋਤ ਸੰਭਾਲ ਸੇਵਾ
RMA = ਜੋਖਮ ਪ੍ਰਬੰਧਨ ਏਜੰਸੀ

| ਬਿਪਤਾ ਪ੍ਰੋਗਰਾਮ | ਏਜੰਸੀ | ਬਰਫਬਾਰੀ | ਅੱਗ ਲਗਣਾ | ਤੂਫਾਨ / ਟਾਈਫੂਨ | ਬਹੁਤ ਜ਼ਿਆਦਾ ਨਮੀ/ਹੜ੍ਹ ਆਉਣਾ | ਬਹੁਤ ਜ਼ਿਆਦਾ ਹਵਾਵਾਂ/ਤੂਫਾਨ | ਸੋਕਾ ਪੈਣਾ | ਓਲੇ ਪੈਣਾ | ਜਵਾਲਾਮੁਖੀ ਫਟਣਾ/ ਗੈਸਾਂ ਦਾ ਨਿਕਾਸ | ਜੰਮਣਾ | ਭੂਚਾਲ |
|---|---|---|---|---|---|---|---|---|---|---|---|
| **ਵਾਤਾਵਰਣਕ ਕੁਸ਼ਲਤਾ ਵਧਾਉਣ ਵਾਲਾ ਪ੍ਰੋਗਰਾਮ (EQIP)** - ਖੇਤੀਬਾੜੀ ਦੇ ਉਤਪਾਦਕਾਂ ਨੂੰ ਵਿੱਤੀ ਸਰੋਤ ਪ੍ਰਦਾਨ ਕਰਦਾ ਹੈ ਅਤੇ ਕੁਦਰਤੀ ਆਫ਼ਤਾਂ ਦੁਆਰਾ ਪ੍ਰਭਾਵਤ ਜਾਂ ਦੇ ਕਾਰਨ ਪ੍ਰਭਾਵਿਤ ਹੋਈ ਮਿੱਟੀ ਦੇ ਬਹੁਤ ਜ਼ਿਆਦਾ ਢਾਹ ਦੀ ਮੁਰੰਮਤ ਅਤੇ ਰੋਕਥਾਮ ਲਈ ਵਿੱਤੀ ਸਹਾਇਤਾ ਸਮੇਤ ਧਰਤੀ 'ਤੇ ਆਮਣੇ-ਸਾਮ੍ਹਣੇ ਬੈਠ ਕੇ ਯੋਜਨਾ ਬਣਾਉਣ ਅਤੇ ਸੁਧਾਰਾਂ ਲਈ ਸਹਾਇਤਾ ਮੁਹੱਈਆ ਕਰਵਾਉਂਦਾ ਹੈ। ਇਨ੍ਹਾਂ ਕਾਰਜਾਂ ਵਿੱਚ ਸਟ੍ਰੀਮ ਬੈਂਕ ਦੀ ਬਹਾਲੀ, ਗ੍ਰਾਸਡ ਵਾਟਰ-ਵੇਅ ਅਤੇ ਬਫ਼ਰਸ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ। NRCS ਦੁਆਰਾ ਫੰਡ ਪ੍ਰਾਪਤ ਸੰਭਾਲ ਪ੍ਰਕਿਰਿਆਵਾਂ ਤੁਹਾਡੀ ਜ਼ਮੀਨ ਨੂੰ ਢਾਹ ਤੋਂ ਬਚਾਉਂਦੀਆਂ ਹਨ, ਤਬਾਹੀ ਤੋਂ ਮੁੜ ਬਹਾਲੀ ਅਤੇ ਮੁਰੰਮਤ ਦਾ ਸਮਰਥਨ ਕਰਦੀਆਂ ਹਨ ਅਤੇ ਭਵਿੱਖ ਦੀਆਂ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ।<br><br>ਕੁਦਰਤੀ ਆਫ਼ਤਾਂ ਅਤੇ ਹੋਰਨਾਂ ਕਾਰਨਾਂ ਤੋਂ ਬਚਾਅ ਲਈ ਐਮਰਜੈਂਸੀ ਜਾਨਵਰਾਂ ਦੀ ਮੌਤ ਦਰ ਦੇ ਲਈ ਵੀ ਸਹਾਇਤਾ ਉਪਲਬੱਧ ਹੋ ਸਕਦੀ ਹੈ। | NRCS | ✓ | ✓ | ✓ | ✓ | ✓ | ✓ | ✓ | ✓ | ✓ | ✓ |
| **ਐਮਰਜੈਂਸੀ ਵਾਟਰਸ਼ੈੱਡ ਪ੍ਰੋਗਰਾਮ (EWP-ਬਹਾਲੀ)** - ਸਥਾਨਕ ਕਿਮyooਨਿਟੀਆਂ ਲਈ ਬਹਾਲੀ ਦੇ ਮਹੱਤਵਪੂਰਣ ਵਿਕਲਪ ਪੇਸ਼ ਕਰਦੇ ਹਨ ਤਾਂ ਜੋ ਲੋਕਾਂ ਨੂੰ ਹੜ੍ਹਾਂ ਦੇ ਪਾਣੀ, ਸੋਕਾ, ਜੰਗਲੀ ਅੱਗ, ਭੂਚਾਲ, ਹਨੇਰੀ, ਅਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੀਆਂ ਜਾਨਾਂ ਅਤੇ ਜਾਇਦਾਦਾਂ ਦੇ ਜੋਖਮ ਨੂੰ ਘਟਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ। | NRCS | | ✓ | | ✓ | ✓ | ✓ | | | | ✓ |
| ਪ੍ਰੋਜੈਕਟ ਫੰਡ ਸਟ੍ਰੀਮ ਚੈਨਲਾਂ, ਸੜਕਾਂ ਦੇ ਪੁਲ ਅਤੇ ਬਗ਼ਿੱਜਾਂ ਦੇ ਮਲਬੇ ਨੂੰ ਹਟਾਉਣ, ਬਿਹ ਗਏ ਕਿਨਾਰਿਆਂ ਨੂੰ ਮੁੜ ਆਕਾਰ ਦੇਣਾ ਅਤੇ ਸੁਰੱਖਿਆ ਕਰਨਾ; ਖਰਾਬ ਹੋਈ ਨਾਲੀਆਂ ਦੀਆਂ ਸਹੂਲਤਾਂ ਨੂੰ ਠੀਕ ਕਰਨਾ; ਡੈਮਾਂ ਅਤੇ ਢਾਂਚਿਆਂ ਦੀ ਮੁਰੰਮਤ ਕਰਨਾ; ਅਤੇ ਨੁਕਸਾਨ ਹੋਏ ਇਲਾਕਿਆਂ ਨੂੰ ਮੁੜ ਵਸਾਉਣ ਵਾਲੀਆਂ ਵਰਗੀਆਂ ਗਤੀਵਿਧੀਆਂ ਨੂੰ ਸਮਰਥਨ ਦੇ ਕੇ ਢਾਹ ਨਾਲ ਸਬੰਧਤ ਪਾਣੀ ਦੀਆਂ ਕਮੀਆਂ ਨੂੰ ਦੂਰ ਕਰਦੇ ਹਨ। | | | | ✓ | | | | | ✓ | ✓ | |
| EWP ਹੜ੍ਹ ਤੋਂ ਰਾਹਤ - ਉੱਪਰ ਦੱਸੇ ਗਏ ਬਹਾਲੀ ਦੀਆਂ ਕੋਸ਼ਿਸ਼ਾਂ ਦਾ ਵਿਕਲਪ ਮੁਹੱਈਆ ਕਰਵਾਉਂਦਾ ਹੈ। NRCS ਨੂੰ ਪਾਰੰਪਰਾਗਤ ਬਹਾਲੀ ਦੀ ਬਜਾਇ ਇੱਕ ਵਿਕਲਿਪਕ ਤਰੀਕੇ ਦੇ ਤੌਰ ਤੇ ਹੜ੍ਹ ਤੋਂ ਰਾਹਤ (FPE) ਪਲਾਨ ਖਰੀਦਣ ਲਈ ਅਧਿਕਾਰ ਪ੍ਰਾਪਤ ਹੈ ਜਿੱਥੇ ਸਾਈਟ EWP-FPE ਯੋਗਤਾ ਮਾਪਦੰਡ ਨੂੰ ਪੂਰਾ ਕਰਦੀਆਂ ਹਨ ਅਤੇ ਇਹ ਨਿਰਧਾਰਿਤ ਕੀਤਾ ਗਿਆ ਹੈ ਕਿ ਕਿ ਰਿਕਵਰੀ ਦੇ ਬਦਲੇ ਸੁਵਿਧਾ ਨੂੰ ਹਾਸਲ ਕਰਨਾ ਜ਼ਿੰਦਗੀ ਜਾਂ ਜਾਇਦਾਦ ਦੇ ਖ਼ਤਰੇ ਨੂੰ ਘਟਾਉਣ ਲਈ ਵਧੇਰੇ ਕਿਫਾਇਤੀ ਅਤੇ ਸਮਝਦਾਰੀ ਭਰੀ ਪੰਹੁਚ ਹੈ। | | | | ✓ | ✓ | | | | | | |
| **ਪਸ਼ੂ ਧਨ ਚਾਰਾ ਬਿਪਤਾ ਪ੍ਰੋਗਰਾਮ (LFP)** - ਉਨ੍ਹਾਂ ਯੋਗ ਪਸ਼ੂ ਉਤਪਾਦਕਾਂ ਨੂੰ ਮੁਆਵਜ਼ਾ ਮੁਹੱਈਆ ਕਰਵਾਉਂਦਾ ਹੈ ਜਿਨ੍ਹਾਂ ਨੂੰ ਧਰਤੀ ਉੱਤੇ ਸੋਕੇ ਜਾਂ ਅੱਗ ਕਾਰਨ ਚਾਰੇ ਦੇ ਨੁਕਸਾਨ ਦਾ ਸਾਮ੍ਹਣਾ ਕਰਨਾ ਪਿਆ ਹੈ ਜੋ ਕਿ ਸਥਾਈ ਬਨਸਪਤੀ ਕਵਰ ਨਾਲ ਜੱਦੀ ਜਾਂ ਸੁਧਾਰੀ ਗਈ ਚਰਾਈ ਵਾਲੀ ਜ਼ਮੀਨ ਹੈ ਜਾਂ ਜੋ ਚਾਰੇ ਲਈ ਵਿਸ਼ੇਸ਼ ਤੌਰ ਤੇ ਲਾਇਆ ਗਿਆ ਹੈ। | FSA | ✗ | ✱[5] | ✗ | ✗ | ✗ | ✓ | ✗ | ✗ | ✗ | ✗ |
| **ਪਸ਼ੂ ਧਨ ਮੁਆਵਜ਼ਾ ਪ੍ਰੋਗਰਾਮ (LIP)** - ਆਮ ਮੌਤ ਦੀ ਦਰ ਤੋਂ ਵਧੇਰੀ ਮਾਤਰਾ ਵਿੱਚ ਹੋਈਆਂ ਪਸ਼ੂਆਂ ਦੀਆਂ ਮੌਤਾਂ ਲਈ ਪਸ਼ੂ ਧਨ ਦੇ ਮਾਲਕਾਂ ਅਤੇ ਕੁਝ ਠੇਕੇਦਾਰ ਉਤਪਾਦਕਾਂ ਨੂੰ ਫਾਇਦੇ ਮੁਹੱਈਆ ਕਰਵਾਉਂਦਾ ਹੈ, ਜੋ ਮੌਸਮ ਦੇ ਕਿਸੇ ਯੋਗ ਪ੍ਰਭਾਵ ਦਾ ਸਿੱਧਾ ਨਤੀਜਾ ਹਨ। ਨਾਲ ਹੀ, LIP ਸੰਘੀ ਸਰਕਾਰ ਦੁਆਰਾ ਜੰਗਲ ਵਿੱਚ ਦੁਬਾਰਾ ਛੱਡੇ ਜਾਂਦੇ ਜਾਂ ਸੰਘੀ ਕਾਨੂੰਨ ਦੁਆਰਾ ਸੁਰੱਖਿਅਤ ਜਾਨਵਰਾਂ ਦੁਆਰਾ ਕੀਤੇ ਗਏ ਹਮਲਿਆਂ ਨੂੰ ਸ਼ਾਮਲ ਕਰਦਾ ਹੈ। ਇਸਦੇ ਨਾਲ ਹੀ, LIP ਉਨ੍ਹਾਂ ਪਸ਼ੂਆਂ ਦੇ ਮਾਲਕਾਂ ਨੂੰ ਸਹਾਇਤਾ ਮੁਹੱਈਆ ਕਰਵਾਉਂਦਾ ਹੈ ਜਿਨ੍ਹਾਂ ਨੂੰ ਯੋਗ ਨੁਕਸਾਨ ਦੀ ਸਥਿਤੀ ਤੋਂ ਸੱਟ ਲੱਗਣ ਕਾਰਨ ਪਸ਼ੂਆਂ ਨੂੰ ਘੱਟ ਕੀਮਤ 'ਤੇ ਵੇਚਣਾ ਪੈਂਦਾ ਹੈ। | FSA | ✓ | ✓ | ✓ | ✓ | ✓ | ✱[6] | ✓ | ✓ | ✱[7] | ✓ |

[5] ਹਾਂ, ਪਰ ਸਿਰਫ਼ ਸੰਘੀ ਤੌਰ ਤੇ ਪ੍ਰਬੰਧਕੀ ਜ਼ਮੀਨਾਂ 'ਤੇ ਜੋ ਅੱਗ ਦੁਆਰਾ ਪ੍ਰਭਾਵਤ ਹੋਈ ਹੈ, ਜਿਸ ਦੇ ਲਈ ਉਤਪਾਦਕ ਨੂੰ ਸੰਘੀ ਏਜੰਸੀ ਦੁਆਰਾ ਆਮ ਤੌਰ 'ਤੇ ਇਜਾਜ਼ਤ ਪ੍ਰਾਪਤ ਪਸ਼ੂਆਂ ਨੂੰ ਚਰਾਉਣ ਦੀ ਮਨਾਹੀ ਹੈ
[6] ਨਹੀਂ, ਸਿਵਾਇ ਜਦੋਂ ਐਨਥ੍ਰੈਕਸ ਨਾਲ ਸੰਬਧਿਤ ਹੋਵੇ
[7] ਹਾਂ, ਪਰ ਸਿਰਫ਼ ਤਾਂ ਹੀ ਜੇ ਮੌਤਾਂ FSA ਦੁਆਰਾ ਨਿਰਧਾਰਤ ਕੀਤੇ ਗਏ ਅਨੁਸਾਰ ਮੌਸਮ ਸਰਦੀਆਂ ਦੇ ਤੂਫਾਨ ਜਾਂ ਬਹੁਤ ਜ਼ਿਆਦਾ ਠੰਡ ਦੇ ਨਤੀਜੇ ਵਜੋਂ ਜੰਮ ਜਾਣ ਕਾਰਨ ਹੋਈਆਂ ਹੋਣ।

FSA = ਫਾਰਮ ਸੇਵਾ ਏਜੰਸੀ
NRCS = ਕੁਦਰਤੀ ਸਰੋਤ ਸੰਭਾਲ ਸੇਵਾ
RMA = ਜੋਖਮ ਪ੍ਰਬੰਧਨ ਏਜੰਸੀ